Volume: 4 Issue: 6 Pages: 94-96




# ਬਿਰਖ ਅਰਜ਼ ਕਰੇ ਇੱਕ-ਅਧਿਐਨ

*1 ਡਾ: ਸੁਖਜਿੰਦਰ ਕੌਰ

*1 ਮਾਤਾ ਸਾਹਿਬ ਕੌਰ ਖਾਲਸਾ ਕਾਲਜ ਤਲਵੰਡੀ ਭਾਈ, ਫਿਰੋਜ਼ਪੁਰ, ਪੰਜਾਬ, ਭਾਰਤ

**Article Info.**
**E-ISSN: 2583-6528**
**Impact Factor (SJIF): 6.876**
**Peer Reviewed Journal**
**Available online:**
**www.alladvancejournal.com**

**Received:** 17/ May/2025
**Accepted:** 21/June/2025

***Corresponding Author**
**ਡਾ: ਸੁਖਜਿੰਦਰ ਕੌਰ**
ਮਾਤਾ ਸਾਹਿਬ ਕੌਰ ਖਾਲਸਾ ਕਾਲਜ ਤਲਵੰਡੀ ਭਾਈ, ਫਿਰੋਜ਼ਪੁਰ, ਪੰਜਾਬ, ਭਾਰਤ

**Abstract**
ਸੁਰਜੀਤ ਪਾਤਰ ਦੀ ਕਵਿਤਾ ਮਾਨਵਵਾਦੀ ਸਰੋਕਾਰਾਂ ਵਾਲੀ ਕਵਿਤਾ ਹੈ। ਉਹ ਸਮਾਜ ਵਿਚਲੀਆਂ ਸਮੱਸਿਆਵਾਂ ਨੂੰ ਭਲੀ ਭਾਂਤ ਸਮਝਦਾ ਹੈ, ਉਨਾਂ ਦੇ ਯਥਾਰਥ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ ਅਤੇ ਉਹਨਾਂ ਦਾ ਹੱਲ ਪ੍ਰਗਤੀਸ਼ੀਲ ਚਿੰਤਨ ਰਾਹੀਂ ਕਰਦਾ ਹੈ। ਉਸਦੀ ਸੋਚ ਮਾਨਵਵਾਦੀ ਹੈ ਤੇ ਵਿਚਾਰਧਾਰਾ ਕ੍ਰਾਂਤੀਕਾਰੀ। ਉਸਨੇ ਪ੍ਰਗਤੀਵਾਦੀ ਕਾਵਿਧਾਰਾ ਨੂੰ ਦੁਬਾਰਾ ਸਥਾਪਿਤ ਕੀਤਾ ਹੈ। ਉਸਨੇ ਪੁਰਾਣੀਆਂ ਸੱਭਿਆਚਾਰਕ ਕੀਮਤਾਂ ਨੂੰ ਠੁਕਰਾਇਆ ਨਹੀਂ ਸਗੋਂ ਨਵੀਆਂ ਪ੍ਰਿਸਥਿਤੀਆਂ ਵਿੱਚ ਬਦਲਿਆ ਹੈ। ਉਸਨੇ ਲੋਕ ਧਰਾਈ ਸਮੱਗਰੀ ਵਿੱਚੋਂ ਪੰਜਾਬੀ ਅਖਾਣ, ਮੁਹਾਵਰਿਆਂ, ਲੋਕਵਿਸ਼ਵਾਸਾਂ, ਰੀਤੀ ਰਿਵਾਜਾਂ, ਅਤੇ ਮਿਥਿਕ ਹਵਾਲਿਆਂ ਨੂੰ ਵਰਤਿਆ ਹੈ। ਪਾਤਰ ਅਧਨਕ ਯਥਾਰਥ ਨੂੰ ਸਮਝਾਉਣ ਲਈ ਇਤਿਹਾਸਿਕ ਇਤਿਹਾਸਿਕ ਘਟਨਾਵਾਂ ਨੂੰ ਦਰਸਾ ਕੇ ਉਹਨਾਂ ਨੂੰ ਨਵੇਂ ਅਰਥ ਦਿੰਦਾ ਹੈ। ਉਹ ਆਪਣੀ ਕਵਿਤਾ ਦੀ ਰਚਨਾ ਬਹੁਤ ਹੀ ਸਿਆਣਪ ਤੇ ਬੁੱਧੀ ਨਾਲ ਕਰਦਾ ਤੇ ਡੂੰਘੀਆਂ ਪਰਤਾਂ ਨੂੰ ਫਰੋਲਦਾ ਹੈ। ਉਹ ਮਿੱਥਾਂ ਨੂੰ ਵਰਤ ਕੇ ਆਜੋਕਗ ਸਮੇਂ ਦੀ ਅਸਲੀਅਤ ਨੂੰ ਬਿਆਨ ਕਰਦਾ ਹੈ। ਇਸ ਕਾਵਿ ਸੰਗ੍ਰਹਿ ਵਿੱਚ ਪਾਤਰ ਨੇ ਆਪਣੇ ਅਸਤਿਤਵ ਅਤੇ ਪੁਰੇ ਪੰਜਾਬ ਦੇ ਅਸਤਿਵ ਦਾ ਪ੍ਰਗਟਾਵਾ ਕੀਤਾ ਹੈ। ਉਹ ਪੂਰੀ ਦੁਨੀਆਂ ਦੇ ਦਰਦ ਨੂੰ ਮਹਿਸੂਸ ਕਰਦਾ ਹੈ ਉਹ ਦਰਦ ਜਦੋਂ ਸਹਿਣ ਨਹੀਂ ਹੁੰਦਾ ਤਾਂ ਕਵਿਤਾ ਦਾ ਰੂਪ ਲੈ ਲੈਂਦਾ ਹੈ।

**Keywords:** ਚੇਤਨ ਬੁੱਧ, ਬਿਰਖ, ਮਾਨਵਵਾਦੀ, ਹਕੀਕਤ, ਬੁੱਧੀਜੀਵੀ, ਵਿਵੇਕਸ਼ੀਲ

## Introduction

ਸੁਰਜੀਤ ਪਾਤਰ ਲਗਭਗ ਪਿਛਲੇ ਅੱਠ ਦਹਾਕਿਆਂ ਤੋਂ ਕਵਿਤਾ ਦੇ ਖੇਤਰ ਵਿੱਚ ਵਿਸ਼ੇਸ਼ ਚਰਚਾ ਦਾ ਵਿਸ਼ਾ ਰਿਹਾ ਹੈ। ਇਸ ਚਰਚਾ ਦਾ ਕਾਰਨ ਉਸ ਦੀ ਕਵਿਤਾ ਵਿਚਲੇ ਗੁਣ ਅਤੇ ਉਸਦੀ ਸ਼ਖਸ਼ੀਅਤ ਹੈ। ਲੋਕ ਉਸ ਦੀਆਂ ਕਵਿਤਾਵਾਂ,ਗਜ਼ਲਾਂ ਅਤੇ ਗੀਤ ਪੜ੍ਹਦੇ ਸੁਣਦੇ ਝੂਮਦੇ ਹਨ। ਉਸ ਦੀ ਕਵਿਤਾ ਪੜੇ -ਲਿਖੇ ਨੌਜਵਾਨ ਵਰਗ ਦੀਆਂ ਸਮੱਸਿਆਵਾਂ, ਮਨੁੱਖ ਦੀ ਖਿੰਡੀ ਮਾਨਸਿਕਤਾ,ਉਲਝੀ ਤੇ ਉਦਾਸ ਜ਼ਿੰਦਗੀ ਨੂੰ ਪੇਸ਼ ਕਰਦੀ ਹੈ। ਸੁਰਜੀਤ ਪਾਤਰ ਆਧੁਨਿਕ ਮਨੁੱਖ ਦੀ ਜ਼ਿੰਦਗੀ ਦੀਆਂ ਅੰਤਰਮੁਖੀ ਪਰਤਾਂ ਨੂੰ ਫਰੋਲਦਾ ਹੈ ਤੇ ਉਸਦੀ ਆਧੁਨਿਕ ਸੋਚ ਤੇ ਵਿਅੰਗ ਕਸਦਾ ਹੈ। ਉਹ ਆਧੁਨਿਕ ਯੁੱਗ ਸੰਵੇਦਨਾ, ਤੇਜੀ ਨਾਲ ਬਦਲਦੀ ਸੱਭਿਆਚਾਰਕ ਸਥਿਤੀ ਅਤੇ ਜੀਵਨ ਜਾਂਚ ਨੂੰ ਨਵੀਂ ਕਾਵਿਕ ਵਿਧੀ ਰਾਹੀਂ ਸਿਰਜਦਾ ਹੈ। ਉਸ ਦੀ ਕਵਿਤਾ ਕੋਮਲ ਮਨ ਦੇ ਵਿਚਾਰਾਂ ਸੋਚਾਂ ਅਤੇ ਸੰਸਿਆਂ ਨੂੰ ਚਿੱਤਰਦੀ ਆਪਣੀ ਉਦਾਸ ਪਰ ਗਤੀਸ਼ੀਲ ਬਿਰਤੀ ਨੂੰ ਜਿੰਦਾ ਰੱਖਣ ਵਿੱਚ ਯਤਨਸ਼ੀਲ ਹੈ।ਉਸਨੇ ਜ਼ਿੰਦਗੀ ਜਿਉਣ ਦੇ ਵਰਤਾਰਿਆਂ ਬਾਰੇ ਕਿਸਮਤ ਵਿੱਚ ਵਿਸ਼ਵਾਸ ਰੱਖਣ ਦੀ ਬਜਾਏ ਮਨੁੱਖੀ ਮਨ ਦੀਆਂ ਡੂੰਘੀਆਂ ਪਰਤਾਂ ਨੂੰ ਫਰੋਲਿਆ ਹੈ। ਪਾਤਰ ਕ੍ਰਾਂਤੀਕਾਰੀ ਵੀ ਨਹੀਂ ਤੇ ਕ੍ਰਾਂਤੀ ਵਿਰੋਧੀ ਵੀ ਨਹੀਂ,ਪਰ ਉਹ ਕ੍ਰਾਂਤੀਕਾਰੀਆਂ ਨਾਲ ਹਮਦਰਦੀ ਰੱਖਦਾ ਹੈ ਉਸ ਦੀ ਕਵਿਤਾ ਪਾਠਕ ਨੂੰ ਜਾਗਰਿਤ ਵੀ ਕਰਦੀ ਹੈ ਤੇ ਜਗਾਉਂਦੀ ਵੀ ਹੈ। ਪਾਤਰ ਦੀ ਤੀਜੀ ਅੱਖ ਤੋਂ ਵੱਡੇ ਤੋਂ ਵੱਡਾ ਤੇ ਛੋਟੇ ਤੋਂ ਛੋਟਾ ਕੋਈ ਵੀ ਵਿਅਕਤੀ ਬਚ ਨਹੀਂ ਸਕਿਆ। ਉਸ ਨੂੰ ਪੰਜਾਬੀ ਸੱਭਿਆਚਾਰ ਦਾ ਬਹੁਤ ਹੀ ਡੂੰਘੇਰਾ ਗਿਆਨ ਹੈ, ਇਸ ਲਈ ਉਹ ਪੇਚੀਦਾ ਤੇ ਆਧੁਨਿਕ ਸਵੇਦਨਾਂ ਨੂੰ ਸੰਚਾਰਨ ਲਈ ਪੰਜਾਬੀ ਸੱਭਿਆਚਾਰ ਚੋਂ ਨਵੇਂ ਨਵੇਂ ਬਿੰਬ ਸਿਰਜਦਾ ਹੈ।

ਸੁਰਜੀਤ ਪਾਤਰ ਦਾ ਪਹਿਲਾ ਕਾਵਿ ਸੰਗ੍ਰਹਿ "ਕੋਲਾਜ" ਹੈ। ਇਸ ਤੋਂ ਇਲਾਵਾ ਉਸਨੇ "ਹਵਾ ਵਿੱਚ ਲਿਖੇ ਹਰਫ" "ਹਨੇਰੇ ਵਿੱਚ ਸੁਲਗਦੀ ਵਰਨਮਾਲਾ" "ਲਫਜ਼ਾਂ ਦੀ ਦਰਗਾਹ" ਆਦਿ ਕਾਵਿ ਸੰਗ੍ਰਹਿ ਪਾਠਕਾਂ ਦੀ ਝੋਲੀ ਪਾਏ।
ਬਿਰਖ ਅਰਜ਼ ਕਰੇ ਕਾਵਿ ਸੰਗ੍ਰਹਿ ਪੜ੍ਹਨ ਤੇ ਸਮਝਣ ਸਮੇਂ ਅਹਿਸਾਸ ਹੁੰਦਾ ਹੈ ਕਿ ਪਾਤਰ ਨਿਰੰਤਰ ਗਤੀਸ਼ੀਲ ਰਹਿੰਦਾ ਹੈ ਉਸ ਦੀ ਕਵਿਤਾ ਹਮੇਸ਼ਾ ਵਿਕਾਸ ਵੱਲ ਵਧਦੀ ਨਜ਼ਰ ਆਉਂਦੀ ਹੈ। ਉਸ ਦੀ ਕਵਿਤਾ ਬੀਤੇ ਹੋਏ ਸਮੇਂ ਤੇ ਆਉਣ ਵਾਲੇ ਸਮੇਂ ਦੀ ਪਛਾਣ ਕਰਨਾ ਸਿਖਾਉਂਦੀ ਹੈ "ਇਸ ਵਿਕਾਸ ਪ੍ਰਕਿਰਿਆ ਵਿੱਚ ਜਿਸ ਸਾਂਝੇ ਪੈਰਾਡਾਈਮ ਦੀ ਸਿਰਜਣਾ ਹੋਈ ਹੈ ਉਹ ਹੈ ਪਾਤਰ ਦਾ ਨਾਇਕ ਜੋ ਕੋਈ ਆਦਰਸ਼ਵਾਦੀ ਮਾਨਵ ਨਹੀਂ ਸਗੋਂ ਨਿਰੋਲ ਹੱਡ ਮਾਸ ਦਾ ਬਣਿਆ ਪੁਤਲਾ ਆਮ ਮੱਧ ਸ਼੍ਰੇਣਿਕ ਮਨੁੱਖ ਹੈ ਜੋ ਜਿੰਦਗੀ ਦੇ ਥਫੇੜੇ ਖਾਂਦਾ ਗੈਰ ਕੁਦਰਤੀ ਮੌਤ ਮਰਦਾ ਹੈ" [1]

ਸੁਰਜੀਤ ਪਾਤਰ ਆਪਣੀ ਕਵਿਤਾ ਰਾਹੀਂ ਆਪਣੇ ਬਚਪਨ ਨੂੰ ਯਾਦ ਕਰਦਾ ਹੈ ਬਚਪਨ ਵਿੱਚ ਉਹ ਜਿਸ ਘਰ ਵਿੱਚ ਖੇਡਿਆ ਪਲਿਆ ਤੇ ਵੱਡਾ ਹੋਇਆ ਹੈ ਉਸ ਘਰ ਨੂੰ ਚੇਤੇ ਕਰਦਾ ਉਹ ਲਿਖਦਾ ਹੈ:-

ਦੂਰ ਇੱਕ ਪਿੰਡ ਵਿੱਚ ਛੋਟਾ ਜਿਹਾ ਘਰ ਸੀ
ਕੱਚੀਆਂ ਸੀ ਕੰਧਾਂ, ਉਹਦਾ ਭੋੜਾ ਜਿਹਾ ਦਰ ਸੀ
ਅੰਮੀ ਮੇਰੀ ਚਿੰਤਾ ਸੀ, ਬਾਪੂ ਮੇਰਾ ਡਰ ਸੀ
ਉਦੋਂ ਮੇਰੀ ਆਉਧ ਯਾਰੋ, ਐਵੇਂ ਵੱਲ ਭਰਸੀ [2]

ਪਾਤਰ ਨੇ ਆਪਣੀ ਕਵਿਤਾ ਵਿਚਲੀ ਨਾਇਕ ਦੀ ਮਾਨਸਿਕ ਹਾਲਤ ਨੂੰ ਬਹੁਤ ਹੀ ਖ਼ੂਬਸੂਰਤ ਢੰਗ ਰਾਹੀਂ ਚਿਤਰਿਆ ਹੈ-:

ਤੂੰ ਕਾਲੇ ਚਸ਼ਮੇ ਨਾ ਲਾਹੇ, ਤੇ ਮੇਰੀ ਰੀਝ ਰਹੀ
ਮੈਂ ਤੇਰੇ ਨੈਣ ਤਾਂ ਕੀ,ਤੇਰੇ ਖ਼ਾਬ ਤੀਕ ਦੇਖ ਸਕਾਂ [3]

ਪਾਤਰ ਨੇ ਆਪਣੀਆਂ ਕਈ ਖਾਹਿਸ਼ਾਂ ਸਪਨੇ ਜਾਹਰ ਨਹੀਂ ਕੀਤੇ ਸਗੋਂ ਆਪਣੇ ਅੰਦਰ ਹੀ ਦਫਨ ਕੀਤੇ ਹਨ। ਇਹਨਾਂ ਖਾਹਿਸ਼ਾਂ, ਇਛਾਵਾਂ ਨੂੰ ਪੂਰਾ ਨਾ ਹੁੰਦੇ ਦੇਖ ਕੇ ਉਸ ਦਾ ਦਿਲ ਦੁਖਦਾ ਉਹ ਉਦਾਸ ਹੁੰਦਾ ਹੈ ਉਹ ਲਿਖਦਾ ਹੈ:-

ਸੁੰਨੇ- ਸੁੰਨੇ ਰਾਹਾਂ ਵਿੱਚ ਕੋਈ ਕੋਈ ਪੈੜ ਏ
ਦਿਲ ਹੀ ਉਦਾਸ ਹੈ ਜੀ ਬਾਕੀ ਸਭ ਖੈਰ ਹੈ। [4]

ਪਾਤਰ ਨੇ ਜੋ ਵੀ ਆਪਣੇ ਜੀਵਨ ਦੀਆਂ ਹਰ ਖੇਤਰ ਨਾਲ ਸੰਬੰਧਿਤ ਮੁਸ਼ਕਲਾਂ ਨੂੰ ਹੰਡਾਇਆ ਹੈ, ਆਪਣੀਆਂ ਆਰਥਿਕ,ਸਮਾਜਿਕ ਤੇ ਸੱਭਿਆਚਾਰਕ ਸਥਿਤੀਆਂ ਨੂੰ ਭੋਗਿਆ ਹੈ,ਉਹਨਾਂ ਨੂੰ ਆਪਣੀ ਕਵਿਤਾ ਰਾਹੀਂ ਬਿਆਨ ਕੀਤਾ ਹੈ। ਉਸ ਦੀ ਕਵਿਤਾ ਸਾਨੂੰ ਉਸ ਦੀ ਮਾਨਸਿਕ ਹਾਲਤ, ਉਸ ਦੇ ਦਿਲ ਦੀ ਪੀੜ ਨਾਲ ਜੋੜਦੀ ਹੈ:-

ਤਪਦੇ ਮਨਾਂ ਦੇ ਪਹਿਰ ਵਿੱਚ
ਨਦੀਆਂ ਨੂੰ ਖਤ ਲਿਖੋ
ਆਵਣ ਸਾਡੇ ਸ਼ਹਿਰ ਵਿੱਚ
ਨਦੀਆਂ ਨੂੰ ਖਤ ਲਿਖੋ
ਕਿਣਮਿਣ ਛਮਾ ਛਮ, ਛਮ ਛਮਾ
ਰਿਮਝਿਮ ਕਲਰ ਕਲਲ
ਕੁਛ ਇਸ ਤਰ੍ਹਾਂ ਦੀ ਬਹਿਰ ਵਿੱਚ
ਨਦੀਆਂ ਨੂੰ ਖਤ ਲਿਖੋ [5]

ਪਾਤਰ ਜਦੋਂ ਵੀ ਕਿਸੇ ਕਵਿਤਾ ਦੀ ਸਿਰਜਣਾ ਕਰਦਾ ਹੈ ਤਾਂ ਉਸ ਵਿੱਚ ਖੁੱਬ ਕੇ ਕਰਦਾ ਹੈ। ਪੂਰੀ ਡੂੰਘਾਈ ਵਿੱਚ ਜਾ ਕੇ ਉਸ ਦੇ ਅਰਥਾਂ ਨੂੰ ਸਮਝਦਾ ਹੈ ਉਸ ਦੇ ਅੰਦਰ ਤੱਕ ਜਾਂਦਾ ਹੈ ਤੇ ਉਸਦੀ ਸਿਰਜਣਾ ਕਰਦਾ ਹੈ,ਉਹ ਲਿਖਦਾ ਹੈ:-

ਬਿਰਖਾਂ ਦਾ ਗੀਤ ਸੁਣ ਕੇ
ਮੇਰੀ ਰੂਹ ਵਿੱਚ ਚਾਨਣ ਹੋਇਆ। [6]

ਪਾਤਰ ਆਪਣੀ ਕਵਿਤਾ ਵਿੱਚ ਲੋਕ ਧਾਰਾ ਨਾਲ ਸੰਬੰਧਿਤ ਸਮਗਰੀ ਨੂੰ ਆਧਾਰ ਬਣਾ ਕੇ ਰਚਨਾ ਕਰਦਾ ਹੈ ਤੇ ਬਹੁਤ ਹੀ ਸਮਝਦਾਰੀ ਤੇ ਬੁੱਧੀ ਨਾਲ ਇਸ ਦੀ ਵਰਤੋਂ ਕਰਦਾ ਹੈ:-

ਕਿਤੇ ਨੂਰ ਨੂੰ ਕਿਤੇ ਨਾਰ ਨੂੰ
ਕਿਤੇ ਬਾਦਸ਼ਾਹ ਦੀ ਕਟਾਰ ਨੂੰ
ਜਾਈਂ ਦੂਰ ਨਾ ਮੇਰੇ ਪੂਰਨਾ
ਤੇਰੀ ਹਰ ਕਿਸੇ ਨੂੰ ਉਡੀਕ ਹੈ [7]

ਸੁਰਜੀਤ ਦੀ ਸਮੁੱਚੀ ਕਵਿਤਾ ਵਿੱਚ ਇੱਕ ਵੱਖਰਾ ਹੀ ਸੰਗੀਤ ਭਰਿਆ ਹੋਇਆ ਹੈ ਇਹੀ ਸੰਗੀਤ ਉਸਦੀ ਹਰ ਕਵਿਤਾ ਵਿੱਚ ਵਿਦਮਾਨ ਹੁੰਦਾ ਹੈ। ਆਪਣੀ ਕਵਿਤਾ ਲਈ ਉਸ ਦੇ ਮਨ ਵਿੱਚ ਜੋ ਵੀ ਭਾਵ ਹਨ ਵਿਚਾਰ ਹਨ ਉਹਨਾਂ ਲਈ ਉਹ ਵੱਖਰੇ ਵੱਖਰੇ ਸੰਗੀਤ ਦੀ ਵਰਤੋਂ ਕਰਦਾ ਹੈ:-

ਮੇਰੀ ਆਵਾਜ਼ ਦੀ ਅਵਾਰਗੀ ਨੂੰ
ਸੁਰਾਂ ਦਾ ਆਸਰਾ ਹੈ ਭਟਕਦੀ ਨੂੰ
ਸੁਰਾਂ ਨੇ ਸਾਜ ਨੇ ਨਗਮਾ ਬਣਾਇਆ
ਮੇਰੇ ਹੱਥਾਂ ਵਿੱਚ ਰੂਹ ਦੀ ਤੜਫਣੀ ਨੂੰ [8]

ਪਾਤਰ ਲਈ ਸਾਰੀ ਸ੍ਰਿਸ਼ਟੀ ਇਕ ਸਾਜ ਬਣ ਜਾਂਦੀ ਹੈ। ਉਸ ਲਈ ਹਵਾ ਦੇ ਵਗਨ ਤੇ ਪੱਤਿਆਂ ਦੀ ਖੜਕਣ ਵਿੱਚੋਂ ਇੱਕ ਬਹੁਤ ਹੀ ਸੋਹਣਾ ਸੰਗੀਤ ਸੁਣਾਈ ਦਿੰਦਾ ਹੈ। ਇਸ ਸਾਰੇ ਬ੍ਰਹਿਮੰਡ ਦਾ ਪਾਸਾਰ ਉਸ ਨੂੰ ਉਦਾਸੀ ਤੋਂ ਖੁਸ਼ੀ ਵੱਲ ਲੈ ਜਾਦਾ ਹੈ। ਇਹਨਾਂ ਸੰਗੀਤ ਦੀਆਂ ਧੁਨੀਆਂ ਨੂੰ ਮਹਿਸੂਸ ਕਰਦਾ ਉਹ ਲਿਖਦਾ ਹੈ:-

ਰਾਤ ਨੂੰ ਆਪਾਂ ਦਿਨ ਕਰ ਦਿਆਂਗੇ
ਠਹਿਰ ਜਰਾ ਮੈਂ ਤਾਰਾਂ ਕੱਸ ਲਾਂ [9]

ਪਾਤਰ ਲੀਡਰਾਂ ਦੇ ਝੂਠੇ ਲਾਰਿਆਂ ਤੇ ਉਹਨਾਂ ਦੀਆਂ ਕੋਝੀਆਂ ਚਾਲਾਂ ਤੇ ਸਮੇਂ ਅਨੁਸਾਰ ਬਦਲ ਜਾਣ ਤੇ ਉਹ ਵਿਅੰਗ ਕਸਦਾ ਕਹਿੰਦਾ ਹੈ:-

ਡੂੰਘੇ ਵੈਣਾਂ ਦਾ ਕੀ ਮਿਨਣਾ
ਤਖਤ ਦੇ ਪਾਵੇ ਮਿਣੀਏ
ਜਦ ਤੀਕ ਉਹ ਲਾਸ਼ਾਂ ਗਿਣਦੇ ਨੇ
ਆਪਾਂ ਵੋਟਾਂ ਗਿਣੀਏ [10]

ਪਾਤਰ ਪੰਜਾਬੀ ਸੱਭਿਆਚਾਰ ਵਿੱਚ ਪ੍ਰਚਲਿਤ ਰੀਤਾ ਰਿਵਾਜਾਂ ਲੋਕ ਵਿਸ਼ਵਾਸਾਂ ਅਤੇ ਵਹਿਮਾਂ -ਭਰਮਾਂ ਨੂੰ ਵੀ ਭਲੀ- ਭਾਂਤ ਮੰਨਦਾ ਹੈ। ਅਤੇ ਹੋਣੀ ਦੀ ਅਟੱਲ ਸੱਚਾਈ ਨੂੰ ਵੀ ਸਮਝਦਾ ਹੈ:-

ਹੁਣ ਮਾਸੂਮੀਅਤ ਕੀ ਹੈ?
ਹੁਣ ਤਾਂ ਪਤਾ ਹੈ ਕਿ ਜੰਡ ‘ਤੇ ਤਰਕਸ਼
ਸਾਹਿਬਾਂ ਨੇ ਨਹੀਂ ਸਮਿਆਂ ਨੇ ਟੰਗਿਆ ਸੀ [11]

ਉਸ ਦੀ ਕਵਿਤਾ ਗੁਰਮਤ,ਸੂਫ਼ੀ,ਕਿੱਸਾ ਆਦਿ ਸਾਰੀਆਂ ਧਰਾਵਾਂ ਦੇ ਅੰਗ ਸੰਗ ਰਹੀ ਹੈ। ਉਸ ਨੇ ਆਪਣੀ ਕਵਿਤਾ ਵਿੱਚ ਭਾਸ਼ਾ ਚਿੰਨਾਂ ਨੂੰ ਵੀ ਵਰਤਿਆ ਹੈ:-

ਬੀਤ ਗਏ ਸਮੇਂ ਜਦੋਂ ਕਾਲਜੇ ਸੀ ਛੇਕ ਪਾਉਂਦੀ
ਵੰਝਲੀ ਚ ਵੱਜੀ ਤੇਰੀ ਫੂਕ ਵੇ
ਵੰਜਲੀ ਦੀ ਕੂਕ ਨਾਲੋਂ ਕਿਤੇ ਉੱਚੀ ਉੱਠ ਗਈ
ਹੋਣੀਆਂ ਨੇ ਦਿੱਤੀ ਜਿਹੜੀ ਹੂਕ ਵੇ [12]

ਉਹ ਅਪਰਵਾਨ ਰਿਸ਼ਤਿਆਂ ਤੇ ਟਿੱਪਣੀ ਕਰਦਾ ਹੈ ਅਤੇ ਉਹਨਾਂ ਨੂੰ ਨੈਤਿਕਤਾ ਦੀ ਦ੍ਰਿਸ਼ਟੀ ਵਿੱਚ ਰੱਖ ਕੇ ਦੇਖਦਾ ਹੈ ਤੇ ਕਹਿੰਦਾ ਹੈ:-

ਹਾਂ ਮੈਂ ਆਪੇ ਹੀ ਕਿਹਾ ਸੀ ਹੋਂਠ ਸੁੱਚੇ ਰੱਖਣਾ
ਹਾਏ ਪਰ ਇਸ ਪਿਆਸ ਤੇ ਉਸ ਬਾਤ ਵਿੱਚਲਾ
ਫ਼ਾਸਲਾ
ਜੇ ਬਹੁਤੀ ਪਿਆਸ ਹੈ ਤਾਂ ਮੇਟ ਦੇਵਾਂ ਉਸ ਕਿਹਾ
ਰਿਸ਼ਤਿਆਂ ਤੇ ਰਿਸ਼ਤਿਆਂ ਦੇ ਘਾਤ ਵਿੱਚਲਾ
ਫ਼ਾਸਲਾ [13]

ਪਾਤਰ ਨੂੰ ਪੰਜਾਬ ਦੀ ਧਰਤੀ ਨਾਲ ਬਹੁਤ ਪਿਆਰ ਹੈ। ਪੰਜਾਬ ਵਿੱਚ ਫੈਲੀ ਫ਼ਿੱਰਕਾਪ੍ਰਸਤੀ ਦੀ ਅੱਗ, ਅਤੇ ਘਰ ਘਰ ਦੇ ਦੁੱਖਾਂ ਤੇ ਦਰਦਾਂ ਨੇ ਉਸ ਨੂੰ ਅੰਦਰ ਤੱਕ ਹਲੂਣਿਆ ਹੈ। ਉਸ ਨੂੰ ਲੋਕਾਂ ਦੇ ਦੁੱਖ ਦਰਦ ਉਹਨਾਂ ਦੀਆਂ ਚੀਕਾਂ, ਪੀੜਾਂ ਸਹਿਨ ਨਹੀਂ ਹੁੰਦੀਆਂ। ਉਹ ਸੋਚਦਾ ਹੈ ਕਿ ਉਸ ਦੇ ਪੰਜਾਬ ਨੂੰ ਕਿਸੇ ਦੀ ਨਜ਼ਰ ਲੱਗ ਗਈ ਹੈ, ਅਤੇ ਉਸ ਨਜ਼ਰ ਨੂੰ ਉਤਾਰਨ ਲਈ ਇੱਕ ਬਹੁਤ ਹੀ ਵਧੀਆ ਰਾਜ ਪ੍ਰਬੰਧ ਦੀ ਲੋੜ ਹੈ। ਜੋ ਲੋਕਾਂ ਦੇ ਦੁੱਖਾਂ ਨੂੰ ਸਮਝ ਸਕੇ ਤੇ ਉਹਨਾਂ ਦਾ ਹੱਲ ਕਰ ਸਕੇ:-

ਜਿਸ ਤੇਗ ਦੇ ਘਾਟ ਗੁਰੂ ਉਤਰੇ
ਉਸ ਤੇਗ ਤੋਂ ਖੂਨ ਨਹੀਂ ਸੁੱਕ ਸਕਦਾ
ਦਸਤਾਰ ਸਜਾ ਕੇ ਆ ਜਾਵੇ
ਭਾਵੇਂ ਤਿਲਕ ਲਗਾ ਕੇ ਆ ਜਾਵੇ
ਸਾਥੋਂ ਔਰੰਗਜ਼ੇਬ ਨਹੀਂ ਲੁਕਦਾ [14]

ਪਾਤਰ ਜ਼ਿੰਦਗੀ ਦੀ ਥੋੜਚਿਰਤਾ ਨੂੰ ਪ੍ਰਕਿਰਤੀ ਦੇ ਬਿੰਬਾਂ ਰਾਹੀਂ ਚਿਤਰਦਾ ਹੈ:-

ਪੱਤੇ ਬੂਟੇ ਡੋਡੀਆਂ ਫੁੱਲਾਂ ਦੀਆਂ ਲੜੀਆਂ
ਸਭ ਕੁਝ ਅੱਗ ਵਿੱਚ ਸੜ ਗਿਆ
ਮਿਰਚਾਂ ਨਾ ਸੜੀਆਂ [15]

ਉਹ ਕਹਿੰਦਾ ਹੈ ਕਿ ਮਨੁੱਖ ਨੂੰ ਅਜਿਹੀ ਜ਼ਿੰਦਗੀ ਜਿਉਣੀ ਚਾਹੀਦੀ ਹੈ ਜਿਸ ਵਿੱਚ ਉਸਨੂੰ ਉਸਦੀ ਮਿਹਨਤ ਦਾ ਪੂਰਾ ਫਲ ਮਿਲੇ। ਲੋਕਾਂ ਵਿੱਚ ਆਪਸੀ ਮਿਲਵਰਤਨ, ਭਾਈਚਾਰਕ ਸਾਂਝ ਹੋਵੇਗੀ ਤਾਂ ਹੀ ਚੰਗੇ ਜੀਵਨ ਜਿਉਣ ਦੀ ਆਸ ਹੋਵੇਗੀ।

ਕਦੋਂ ਗੁਲਾਬ ਖਿੜੇਗਾ ਅੜੀਏ ਟਹਿਣੀਏ
ਕਾ ਤੁਰਸੀ ਬ੍ਰਹਿਮੰਡ ਨੀ ਅੜੀਏ ਟਹਿਣੀਏ [16]

ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਪਾਤਰ ਸੱਚ ਦਾ ਚਤੇਰਾ ਹੈ। ਮਨੁੱਖ ਦੀਆਂ ਗਹਿਰੀਆਂ ਸੋਚਾਂ ਦੀ ਉਸ ਨੂੰ ਸਮਝ ਹੈ। ਉਸ ਦੀ ਕਵਿਤਾ ਮਾਨਸਿਕ ਪਰਵਰਤੀਆਂ ਨੂੰ ਨਾਲ ਲੈ ਕੇ ਚਲਦੀ ਹੈ। ਉਸ ਦੀ ਕਲਮ ਵਿੱਚ ਇੱਕ ਜਾਦੂ ਹੈ ਜੋ ਮਨੁੱਖ ਦੀਆਂ ਸੂਖਮ ਬਿਰਤੀਆਂ ਨੂੰ ਨੂੰ ਪੇਸ਼ ਕਰਦੀ ਹੈ
ਪਾਤਰ ਸਾਡੀਆਂ ਉਲਝੀਆਂ ਸਮੱਸਿਆਵਾਂ ਨੂੰ ਸੁਲਝਾਉਣ ਵਾਲਾ ਕਵੀ ਹੈ ਉਹ ਆਧੁਨਿਕ ਮਨੁੱਖ ਦੀਆਂ ਸਮੱਸਿਆਵਾਂ ਨੂੰ ਨਾਲ ਲੈ ਕੇ ਚੱਲਣ ਵਾਲਾ ਕਵੀ ਹੈ। ਨਿਰਸੰਦੇਹ ਪਾਤਰ ਆਧੁਨਿਕ ਪੰਜਾਬੀ ਕਵਿਤਾ ਦਾ ਸਿਖਰ ਹੈ। ਅੱਜ ਦੇ ਸਮੇਂ ਵਿੱਚ ਸੁਰਜੀਤ ਪਾਤਰ ਸੰਸਾਰ ਦੇ ਸਾਰੇ ਕਵੀਆਂ ਨਾਲੋਂ ਮਹੂਰਲੀ ਕਤਾਰ ਵਿੱਚ ਖੜਾ ਹੈ ਉਸ ਦੀ ਕਵਿਤਾ ਤੇ ਗਜ਼ਲਾਂ ਨੇ ਉਸਨੂੰ ਅਰਸ਼ਾਂ ਤੱਕ ਉਡਾਰੀਆਂ ਲਵਾਈਆਂ ਹਨ ਪ੍ਰਿੰਸੀਪਲ ਸੰਤ ਸਿੰਘ ਸੇਖੋ ਕਹਿੰਦੇ ਹਨ ਕਿ:-
"ਸੱਤ ਚੋਟੀਆਂ,ਜਿਨਾਂ ਨੂੰ ਸਪਤ ਸ੍ਰਿੰਗ ਕਹੀਦੈ, ਮੈਨੂੰ ਉਹਨਾਂ ਸਪਤ-ਸ੍ਰਿੰਗਾਂ ਵਿੱਚ ਭਾਈ ਵੀਰ ਸਿੰਘ, ਪ੍ਰੋ. ਮੋਹਨ ਸਿੰਘ,ਅੰਮ੍ਰਿਤਾ ਪ੍ਰੀਤਮ,ਸ਼ਿਵ ਕੁਮਾਰ, ਹਰਭਜਨ ਸਿੰਘ, ਸੁਰਜੀਤ ਪਾਤਰ ਤੇ ਪਾਸ਼….. ਹੁਣ ਤੀਕ ਇਹ ਸਪਤ ਸ੍ਰਿੰਗ ਨੇ….. [16].

## ਹਵਾਲੇ ਟਿਪਣੀਆਂ


1. ਅਮਨਦੀਪ ਕੌਰ ਬਰਾੜ "ਪਾਤਰਕਾਵਿ- ਚਿੰਤਨ" ਰੂਹੀ ਪ੍ਰਕਾਸ਼ਨ ਅੰਮ੍ਰਿਤਸਰ 2009 ਪੰਨਾ 10.
2. ਬਿਰਖ ਅਰਜ ਕਰੇ ਪੰਨਾ,27
3. ਉਹੀ,ਪੰਨਾ 50.
4. ਉਹੀ, ਪੰਨਾ 27.
5. ਉਹੀ, ਪੰਨਾ 80
6. ਉਹੀ, ਪੰਨਾ 9.
7. ਉਹੀ, ਪੰਨਾ 32
8. ਉਹੀ,ਪੰਨਾ 55
9. ਉਹੀ,ਪੰਨਾ 58
10. ਉਹੀ, ਪੰਨਾ, 19
11. ਉਹੀ ਪੰਨਾ, 90
12. ਉਹੀ,ਪੰਨਾ 74
13. ਉਹੀ,ਪੰਨਾ 46
14. ਉਹੀ,ਪੰਨਾ 45
15. ਉਹੀ,ਪੰਨਾ 36
16. ਸਤਿੰਦਰ ਸਿੰਘ ਨੂਰ ਅਤੇ ਵਿਨੀਤਾ (ਸੰਪਾਦਕ) ਸੁਰਜੀਤ ਪਾਤਰ ਦੀ ਕਵਿਤਾ ਦਾ ਸੰਵਾਦ, ਪੰਨਾ 59.